ਰੋਜ਼ਾਨਾ ਪੰਜਾਬੀ ਅਖਬਾਰ
ਬੋਲ ਪ੍ਰਦੇਸਾਂ ਦੇ
23.06.2025
bolpardesade@Gmail.com
ਖ਼ਬਰਾਂ, ਰਚਨਾਵਾਂ, ਵੀਡੀਓ ਅਤੇ ਇਸ਼ਤਿਹਾਰ ਭੇਜਣ ਲਈ ਸੰਪਰਕ ਕਰੋ
ਮੁੱਖ ਸੰਪਾਦਕ
ਰੁਪਿੰਦਰ ਜੋਧਾਂ ਜਾਪਾਨ
+81 8011222535
www.Bolpardesade.com
Reg. No. PB-12-0210588 | ਸਾਲ - 2 | ਮੁੱਖ ਸੰਪਾਦਕ - ਰੁਪਿੰਦਰ ਜੋਧਾਂ ਜਾਪਾਨ +818011222535 | MD - ਦਵਿੰਦਰ ਜੋਧਾਂ ਬੈਲਜੀਅਮ

# ਸਲਾਈਟ ਵਿਖੇ ਪੂਰੇ ਉਤਸਾਹ ਨਾਲ ਮਨਾਇਆ 11ਵਾਂ ਅੰਤਰਾਸ਼ਟਰੀ ਯੋਗ ਦਿਵਸ





ਲੌਂਗੋਵਾਲ, 22 ਜੂਨ (ਜਗਸੀਰ ਲੌਂਗੋਵਾਲ) - ਭਾਰਤ ਸਰਕਾਰ ਦੀ ਪ੍ਰਮੁੱਖ ਤਕਨੀਕੀ ਸੰਸਥਾ ਸੰਤ ਲੌਂਗੋਵਾਲ ਇੰਸਟੀਚਿਊਟ ਆਫ ਇੰਜੀਨੀਅਰਿੰਗ ਐਂਡ ਟੈਕਨੋਲਜੀ (ਡੀਮਡ - ਯੂਨੀਵਰਸਿਟੀ ) ਸਲਾਈਟ ਲੌਂਗੋਵਾਲ ਵਿਖੇ 11ਵਾਂ ਅੰਤਰਰਾਸ਼ਟਰੀ ਯੋਗ ਦਿਵਸ ਪੂਰੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਪ੍ਰੋਗਰਾਮ ਦੀ ਸ਼ੁਰੂਆਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅੰਤਰਰਾਸ਼ਟਰੀ ਯੋਗ ਦਿਵਸ ਦੀ ਪੂਰਵ ਸੰਧਿਆ 'ਤੇ ਦੇਸ਼ ਨੂੰ ਦਿੱਤੇ ਗਏ ਸੰਬੋਧਨ ਦੀ ਲਾਈਵ ਸਟ੍ਰੀਮਿੰਗ ਨਾਲ ਹੋਈ, ਜੋ ਵਿਸ਼ਾਖਾਪਟਨਮ ਤੋਂ ਕੀਤੀ ਗਈ।ਇਸ ਤੋਂ ਬਾਅਦ ਯੋਗਾ ਅਧਿਆਪਕਾਂ ਸ੍ਰੀਮਤੀ ਨਿਸ਼ਾ ਅਤੇ ਸ੍ਰੀ ਗੁਰਦੀਪ ਦੁਆਰਾ ਵੱਖ-ਵੱਖ ਯੋਗ ਆਸਨ ਕਰਵਾਏ ਗਏ। ਇਸ ਸਮਾਗਮ ਵਿੱਚ ਸੰਸਥਾ ਦੇ ਵਿਦਿਆਰਥੀਆਂ, ਫੈਕਲਟੀ, ਸਟਾਫ, ਉਨ੍ਹਾਂ ਦੇ ਪਰਿਵਾਰਿਕ ਮੈਂਬਰਾਂ ਤੇ ਕੇਂਦਰੀ ਦਿਆਲਿਆ ਦੇ ਬੱਚਿਆਂ ਨੇ ਵੀ ਭਾਗ ਲਿਆ।





YOGA DAY
अन्तर्राष्ट्रीय
INTERNATIONAL